**ਡਾਇਰੈਕਟਰ ਜਨਰਲ ਸਕੂਲ ਸਿੱਖਿਆ ਅਤੇ ਸਟੇਟ ਪ੍ਰੋਜੈਕਟ ਡਾਇਰੈਕਟਰ,**
**ਸਰਵ ਸਿੱਖਿਆ ਅਭਿਆਨ ਅਥਾਰਟੀ, ਪੰਜਾਬ ਵਿੱਦਿਆ ਭਵਨ, ਈ-ਬਲਾਕ, ਪੰਜਵੀਂ ਮੰਜਿਲ,**
**ਫੇਜ-8, ਐਸ.ਏ.ਐਸ. ਨਗਰ (ਮੋਹਾਲੀ), ਪੰਜਾਬ**

ਵੱਲ : ਯਾਦ ਪੱਤਰ-2

ਸਮੂਹ ਮੰਡਲ ਸਿੱਖਿਆ ਅਫਸਰ, ਪੰਜਾਬ
ਸਮੂਹ ਜਿਲ੍ਹਾ ਸਿੱਖਿਆ ਅਫਸਰ (ਸੈ.ਸਿ.), ਪੰਜਾਬ
ਸਮੂਹ ਸਰਕਾਰੀ, ਮਾਡਲ ਅਤੇ ਆਦਰਸ਼ ਸੀਨੀਅਰ ਸੈਕੰਡਰੀ ਸਕੂਲ, ਪੰਜਾਬ

ਮੀਮੋ ਨੰ :- ਸਸਅ/2016/ਐਮ.ਆਈ.ਐਸ./ਈ-ਪੰਜਾਬ/2016423।
ਮਿਤੀ : ਚੰਡੀਗੜ੍ਹ 14 ਮਾਰਚ, 2016

**ਵਿਸ਼ਾ : ਮਾਈ ਭਾਗੋ ਵਿਦਿਆ ਸਕੀਮ ਅਧੀਨ 11ਵੀਂ ਅਤੇ 12ਵੀਂ ਜਮਾਤ ਦੀਆਂ ਵਿਦਿਆਰਥਣਾ ਨੂੰ ਮਿਲੇ ਸਾਇਕਲਾਂ ਸਬੰਧੀ ਜਾਣਕਾਰੀ ਨੂੰ ਈਪੰਜਾਬਸਕੂਲ ਪੋਰਟਲ ਉੱਤੇ ਅਪਡੇਟ ਕਰਨ ਬਾਰੇ।**

ਉਪਰੋਕਤ ਵਿਸ਼ੇ ਸਬੰਧੀ ਇਸ ਦਫਤਰ ਵਲੋਂ ਜਾਰੀ ਪੱਤਰ ਨੰ :- ਸਸਅ/2015/ਐਮ.ਆਈ.ਐਸ./ਈ-ਪੰਜਾਬ/201513435 ਮਿਤੀ 19-08-2015 ਅਤੇ ਪੱਤਰ ਨੰ :- ਸਸਅ/2015/ਐਮ.ਆਈ.ਐਸ./ਈ-ਪੰਜਾਬ/201514597 ਮਿਤੀ 10-09-2015 ਦੇ ਲਗਾਤਾਰਤਾ ਵਿਚ ਆਪ ਦੇ ਧਿਆਨ ਵਿਚ ਲਿਆਂਦਾ ਜਾਂਦਾ ਹੈ ਕਿ ਪੰਜਾਬ ਸਰਕਾਰ ਵਲੋਂ ਰਾਜ ਦੇ ਸਮੂਹ ਸਰਕਾਰੀ, ਮਾਡਲ ਅਤੇ ਆਦਰਸ਼ ਸਕੂਲਾਂ ਵਿਚ 11ਵੀਂ ਅਤੇ 12ਵੀਂ ਜਮਾਤ ਦੀਆਂ ਵਿਦਿਆਰਥਣਾ ਨੂੰ ਮਾਈ ਭਾਗੋ ਵਿਦਿਆ ਸਕੀਮ ਅਧੀਨ ਸਾਇਕਲ ਮੁਹਈਆ ਕਰਵਾਏ ਗਏ ਹਨ। ਸਾਇਕਲਾਂ ਦੀ ਵੰਡ ਸਬੰਧੀ ਕਾਰਵਾਈ ਨੂੰ ਮੋਨੀਟਰ ਕਰਨ ਲਈ ਸਿੱਖਿਆ ਵਿਭਾਗ ਵਲੋਂ ਆਪਣੇ ਪੋਰਟਲ epunjabschool.gov.in ਉੱਤੇ ਇੱਕ ਨਵਾਂ ਮਡਿਊਲ ਬਣਾਇਆ ਗਿਆ ਹੈ। ਇਸ ਮਡਿਊਲ ਅਧੀਨ ਸਮੂਹ ਸਰਕਾਰੀ, ਮਾਡਲ ਅਤੇ ਆਦਰਸ਼ ਸਕੂਲਾਂ ਵਲੋਂ ਆਪਣੇ ਸਕੂਲ ਦੀਆਂ 11ਵੀਂ ਅਤੇ 12ਵੀਂ ਜਮਾਤ ਵਿਚ ਪੜ੍ਹਦੀਆਂ ਵਿਦਿਆਰਥਣਾ ਦੀ ਜਾਣਕਾਰੀ ਅਪਡੇਟ ਕਰਨ ਲਈ ਹਦਾਇਤਾਂ ਜਾਰੀ ਕੀਤੀਆਂ ਗਈਆਂ ਸਨ ਤਾਂ ਜੋ ਸਰਕਾਰ ਵਲੋਂ ਇਹ ਯਕੀਨੀ ਬਣਾਇਆ ਜਾ ਸਕੇ ਕਿ ਕੋਈ ਵੀ ਵਿਦਿਆਰਥਣ ਇਸ ਲਾਭ ਤੋਂ ਵਾਂਝੀ ਨਾ ਰਹਿ ਜਾਵੇ।

ਸਮੂਹ ਮੰਡਲ ਸਿੱਖਿਆ ਅਫਸਰ ਅਤੇ ਜਿਲ੍ਹਾ ਸਿੱਖਿਆ ਅਫਸਰ (ਸੈ.ਸਿ.) ਨੂੰ ਹਦਾਇਤ ਕੀਤੀ ਗਈ ਸੀ ਕਿ ਉਹ ਆਪਣੇ ਅਧੀਨ ਆਉਂਦੇ ਸਮੂਹ ਸਰਕਾਰੀ, ਮਾਡਲ ਅਤੇ ਆਦਰਸ਼ ਸੀਨੀਅਰ ਸੈਕੰਡਰੀ ਸਕੂਲਾਂ ਵਲੋਂ ਉਪਰੋਕਤ ਸਬੰਧੀ ਪੋਰਟਲ ਉੱਤੇ ਕੀਤੀ ਜਾ ਰਹੀ ਅਪਡੇਸ਼ਨ ਨੂੰ ਜਿਲ੍ਹਾ ਐਮ.ਆਈ.ਐਸ. ਕੋਆਰਡੀਨੇਟਰ ਤੋਂ ਰਿਪੋਰਟ ਲੈ ਕੇ ਰੋਜਾਨਾ ਮੋਨੀਟਰ ਕਰਨ। ਪਰੰਤੂ ਮੁੱਖ ਦਫਤਰ ਦੀ ਐਮ.ਆਈ.ਐਸ. ਸ਼ਾਖਾ ਵਲੋਂ ਪ੍ਰਾਪਤ ਰਿਪੋਰਟ ਅਨੁਸਾਰ ਬਹੁਤ ਸਾਰੇ ਸਕੂਲਾਂ ਵਲੋਂ ਅਜੇ ਤੱਕ ਵੀ ਇਹ ਜਾਣਕਾਰੀ ਪੋਰਟਲ ਉੱਤੇ ਅਪਡੇਟ ਨਹੀਂ ਕੀਤੀ ਜਾ ਰਹੀ ਹੈ। ਆਪ ਨੂੰ ਹਦਾਇਤ ਕੀਤੀ ਜਾਂਦੀ ਹੈ ਕਿ ਉਪਰੋਕਤ ਸਬੰਧੀ ਜਾਣਕਾਰੀ ਨੂੰ ਤੁਰੰਤ ਪੋਰਟਲ ਉੱਤੇ ਅਪਡੇਟ ਕਰਵਾਇਆ ਜਾਵੇ।

**ਡਾਇਰੈਕਟਰ ਜਨਰਲ ਸਕੂਲ ਸਿੱਖਿਆ, ਪੰਜਾਬ**

**ਉਪਰੋਕਤ ਦਾ ਉਤਾਰਾ ਹੇਠ ਲਿਖਿਆਂ ਨੂੰ ਜਾਣਕਾਰੀ ਹਿੱਤ ਭੇਜਿਆ ਜਾਂਦਾ ਹੈ :-**

1) ਨਿਜੀ ਸਕੱਤਰ, ਪ੍ਰਮੁੱਖ ਸਕੱਤਰ ਸਕੂਲ ਸਿੱਖਿਆ ਜੀ, ਪੰਜਾਬ
2) ਨਿਜੀ ਸਕੱਤਰ, ਸਕੱਤਰ, ਸਮਾਜਿਕ ਸੁਰੱਖਿਆ ਅਤੇ ਇਸਤਰੀ ਤੇ ਬਾਲ ਵਿਕਾਸ, ਪੰਜਾਬ